# ਸਰਾਬੀ ਚੂਹਾ (Kids Song)

ਚੂਹੇ ਨੇ ਬਿਲੀ ਘੇਰੀ, ਕਹਿੰਦਾ ਪੱਪੀ ਲੈਣੀ ਆ ਤੇਰੀ ।



ਹਨੇਰੀ ਆਈ ਲੋਕੋ ਕਾਲੀ ਹਨੇਰੀ,
ਚਾਰੇ ਪਾਸੇ ਛਾਂਅ ਗਈ ਹੇਰਾ ਫੇਰੀ ।
ਰੱਬ ਨੇ ਵੀ ਕੀਤੇ ਕੰਨ ਬੰਦ,
ਨਾ ਸੁਣਦਾ ਫਰਿਆਦ ਉਹ ਤੇਰੀ,
ਨਾ ਸੁਣਦਾ ਫਰਿਆਦ ਉਹ ਮੇਰੀ ।

ਚੂਹੇ ਨੇ ਬਿਲੀ ਘੇਰੀ, ਕਹਿੰਦਾ ਪੱਪੀ ਲੈਣੀ ਆ ਤੇਰੀ ।

ਚੂਹੇ ਨੇ ਇਕ ਦਿਨ ਘੁਟ ਲਗਾ ਲਈ,
ਯਾਰਾ ਦੋਸਤਾ ਦੀ ਮਹਿਫਲ ਬਲਾ ਲਈ ।
ਕਹਿੰਦਾ ਕੱਢੋ ਬਿਲੀ,
ਤੰਗ ਕਰਦੀਆ ਹਰ ਰੋਜ ਜਿਹੜੀ ।
ਤੁਹਾਨੂੰ ਦਿਖਾਵਾ ਅੱਜ ਮੈ ਆਪਣੀ ਦਲੇਰੀ ।



ਚੂਹੇ ਨੇ ਬਿਲੀ ਘੇਰੀ, ਕਹਿੰਦਾ ਪੱਪੀ ਲੈਣੀ ਆ ਤੇਰੀ ।

ਇਨੇ ਨੂੰ ਬਿਲੀ ਆ ਕੇ ਖੱੜ ਗਈ ,
ਬਿਲੀ ਦੀ ਅੱਖ ਸਰਾਬੀ ਚੂਹੇ ਨਾਲ ਲੱੜ ਗਈ ।
ਚੂਹਿਆ ਦੀ ਮਹਿਫਲ ਖੁਡਾ ਵਿਚ ਬੜ ਗਈ,
ਸਾਰੇ ਯਾਰ-ਦੋਸਤ ਭੱਜ ਗਏ,
ਲਗਾਈ ਨਹੀ ਉਹਨਾ ਕੋਈ ਦੇਰੀ ।

**Rat**

ਚੂਹੇ ਨੇ ਬਿਲੀ ਘੇਰੀ, ਕਹਿੰਦਾ ਪੱਪੀ ਲੈਣੀ ਆ ਤੇਰੀ ।



ਪਹਿਲੀ ਝੱਪਟੇ ਬਿਲੀ ਚੂਹੇ ਤੇ ਛਾਅ ਗਈ ,
ਚੂਹੇ ਦੀ ਪੂਛ ਬਿਲੀ ਦੇ ਹੱਥ ਆ ਗਈ ।
ਸਰਾਬੀ ਚੂਹੇ ਦੀ ਹੋਸ ਠਿਕਾਣੇ ਆ ਗਈ,
ਲੰਡੇ ਚੂਹੇ ਨੇ ਪੂਛ ਤੇ ਮੰਲਮ-ਪੱਟੀ ਕਰਵਾਲੀ ।
ਕਹਿੰਦਾ ਅਜੇ ਵੀ ਰਹਿ ਗਈ ਅੱਧੀ ਟੌਰ ਮੇਰੀ ।

ਚੂਹੇ ਨੇ ਬਿਲੀ ਘੇਰੀ, ਕਹਿੰਦਾ ਪੱਪੀ ਲੈਣੀ ਆ ਤੇਰੀ ।



ਫਿਰ ਬਿਲੀ ਚੂਹੇ ਦੀ ਖੁੱਡ ਅੱਗੇ ਬੈਹ ਗਈ,
ਕਹਿੰਦੀ ਚੂਹਿਆ ਤੇਰੀ ਪੂਛ ਮੇਰੇ ਹੱਥ ਰਹਿਗਈ ।
ਆਕੇ ਆਪਣੀ ਪੂਛ ਲੈਜਾ,
ਚੂਹਾ ਕਹਿੰਦਾ ਬਿਲੀਏ ਤੂੰ ਚੁਪ ਕਰਕੇ ਬੈਜਾ ।
**Sarjinder** ਜਿੰਨੀ ਪੂਛ ਬੱਚਗੀ ਉਨ੍ਹੀ ਹੀ ਬਥੇਰੀ

ਚੂਹੇ ਨੇ ਬਿਲੀ ਘੇਰੀ, ਕਹਿੰਦਾ ਪੱਪੀ ਲੈਣੀ ਆ ਤੇਰੀ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**Updated: Oct 2005**